## ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਕਮ ਸਟੇਟ
## ਪ੍ਰੋਜੈਕਟ ਡਾਇਰੈਕਟਰ ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ

**ਐਸ.ਸੀ.ਓ 104-106, ਦੂਸਰੀ ਅਤੇ ਤੀਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ੍ਹ**
**ਫੋਨ ਨੰ: 0172-2623206, 2623207**

---

ਸੇਵਾ ਵਿਖੇ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.)
ਪੰਜਾਬ

ਮੀਮੋ ਨੰ:-SSA/DE/CM/Trg/10/ 72507-72526
ਮਿਤੀ: ਚੰਡੀਗੜ੍ਹ 29/11/10

**ਵਿਸ਼ਾ:** **ਸ਼ੈਸ਼ਨ 2010-11 ਦੀ ਪਸਵਕ / ਕਮਿਊਨਿਟੀ ਟ੍ਰੇਨਿੰਗ ਸਬੰਧੀ।**
**ਹਵਾਲਾ:** **ਇਸ ਦਫ਼ਤਰ ਦਾ ਪੱਤਰ ਨੰ: SSA/DE/CM/Trg/10/70289-328**
**ਮਿਤੀ: ਚੰਡੀਗੜ੍ਹ 18/11/10**

1.0 ਉਪਰੋਕਤ ਵਿਸ਼ੇ ਤੇ ਹਵਾਲੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਹਵਾਲਾ ਅਧੀਨ ਪੱਤਰ ਵਿੱਚ ਲਿਖਿਆ ਗਿਆ ਸੀ ਕਿ ਵਿਸ਼ਾ ਅਧੀਨ ਟ੍ਰੇਨਿੰਗ ਸਬੰਧਤ ਬੀ.ਐਮ.ਟੀ. ਅਤੇ ਸੀ.ਐਮ.ਟੀ. ਦੁਆਰਾ ਦਿੱਤੀ ਜਾਣੀ ਹੈ।

3.0 ਕੁਝ ਜ਼ਿਲ੍ਹਿਆਂ ਵੱਲੋਂ ਇਸ ਦਫ਼ਤਰ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਕੁਝ ਬਲਾਕਾਂ ਵਿੱਚ ਬੀ.ਐਮ.ਟੀ. ਜਾਂ ਸੀ.ਐਮ.ਟੀ. ਦੀ ਸੰਖਿਆ ਘੱਟ ਹੈ ਤੇ ਪਸਵਕਾਂ ਦੀ ਸੰਖਿਆ ਵੱਧ ਹੈ, ਜਿਸ ਕਰਕੇ ਮਿਤੀਵਾਰ ਸ਼ਡਿਊਲ ਬਣਾਉਣ ਵਿੱਚ ਮੁਸ਼ਕਿਲ ਆ ਰਹੀ ਹੈ।

4.0 ਆਪ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਜੇਕਰ ਕਿਸੇ ਬਲਾਕ ਵਿੱਚ ਇਹੋ ਜਿਹੀ ਸਥਿਤੀ ਬਣਦੀ ਹੈ ਤਾਂ ਕਿਸੇ ਵੀ ਵਧੀਆ ਅਧਿਆਪਕ ਜਿਸ ਨੇ ਕਿ ਪਹਿਲਾਂ ਬੀ.ਐਮ.ਟੀ., ਸੀ.ਐਮ.ਟੀ. ਜਾਂ ਬੀ.ਆਰ.ਪੀ. ਦੇ ਤੌਰ ਤੇ ਕੰਮ ਕੀਤਾ ਹੋਵੇ ਨੂੰ ਜ਼ਿਲ੍ਹਾ ਪੱਧਰ ਤੇ ਟ੍ਰੇਨਿੰਗ ਦੇ ਕੇ ਰਿਸੋਰਸ ਪਰਸਨ ਦੇ ਤੌਰ ਤੇ ਲਗਾ ਦਿੱਤਾ ਜਾਵੇ ਤਾਂ ਜੋ ਵਿਸ਼ਾ ਅਧੀਨ ਟ੍ਰੇਨਿੰਗਜ਼ ਨਿਸ਼ਚਿਤ ਸਮੇਂ ਅੰਦਰ ਮੁਕੰਮਲ ਹੋ ਸਕਣ।

5.0 ਇਸ ਨੂੰ ਅਤਿ ਜ਼ਰੂਰੀ ਸਮਝਿਆ ਜਾਵੇ।

**ਸਹੀ/-**
**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ**

ਪਿੰਠ ਅੰਕਣ ਨੰ: SSA/DE/CM/Trg/10/ ਉਕਤ ਮਿਤੀ: 29/11/10
ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਸਮੂਹ ਪੜ੍ਹੋ ਪੰਜਾਬ ਕੋਆਰਡੀਨੇਟਰ
2. ਸਮੂਹ ਕਮਿਊਨਿਟੀ ਮੋਬੀਲਾਈਜੇਸ਼ਨ ਕੋਆਰਡੀਨੇਟਰ
3. ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ
4. ਸਮੂਹ ਸਕੂਲ ਮੁੱਖੀ
5. ਡੀ.ਐਮ. (ਐਮ.ਆਈ.ਐਸ.) ਵੈੱਬ ਸਾਇਟ ਤੇ ਪਾਉਣ ਲਈ

**ਸਹੀ/-**
**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ**